# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

*(Established by the State Legislature Act No. 21 of 1969)*

*Accredited at "A" grade level by NAAC and Awarded "University with Potential for Excellence" status by UGC*

## ਕੰਡਕਟ ਸ਼ਾਖਾ

ਨੰਬਰ: ਸਪੈਸ਼ਲ /ਕੰਡਕਟ
ਮਿਤੀ: 02-10-2020

ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਸੰਬੰਧਤ
ਸਮੂੰਹ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ(ਸਮੇਤ ਐਸੋਸੀਏਟ ਸੰਸਥਾਵਾਂ)

ਵਿਸ਼ਾ:- ਸਮੈਸਟਰ ਦੂਜਾ ਅਤੇ ਚੌਥਾ ਆਦਿ ਦੀਆਂ ਰੀ-ਅਪੀਅਰ (ਥਿਊਰੀ) ਪ੍ਰੀਖਿਆਵਾਂ , ਅਕਤੂਬਰ -2020 ਵਿਚ ਕਰਵਾਉਣ ਸੰਬੰਧੀ ।

ਸ਼੍ਰੀਮਾਨ ਜੀ/ਮੈਡਮ,

ਸਮਰੱਥ ਅਧਿਕਾਰੀਆਂ ਦੇ ਆਦੇਸ਼ਾਂ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ ਕਿ ਵੱਖ-2 ਕਲਾਸਾਂ ਦੇ ਸਿਮੈਸਟਰ ਦੂਜਾ ਅਤੇ ਚੌਥਾ ਆਦਿ ਦੀਆਂ ਰੀ-ਅਪੀਅਰ (ਥਿਊਰੀ) ਪ੍ਰੀਖਿਆਵਾਂ ਮਿਤੀ 12 ਅਕਤੂਬਰ, 2020 ਤੋਂ ਆਰੰਭ ਕੀਤੀਆਂ ਜਾ ਰਹੀਆਂ ਹਨ। ਰੀ-ਅਪੀਅਰ ਵਾਲੇ ਲੇਟ ਕਾਲਜ ਪ੍ਰੀਖਿਆਰਥੀਆਂ ਅਤੇ ਪ੍ਰਾਈਵੇਟ ਪ੍ਰੀਖਿਆਰਥੀਆਂ (ਕੇਵਲ ਦੂਜਾ, ਚੌਥਾ ਆਦਿ ਸਿਮੈਸਟਰਾਂ ਦੀ ਰੀ-ਅਪੀਅਰ) ਦੀ ਜਾਣਕਾਰੀ ਹਿਤ ਦਸਿਆ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ ਸੈਸ਼ਨ -ਅਕਤੂਬਰ-2020 ਦੌਰਾਨ ਲਈਆਂ ਜਾਣ ਵਾਲੀਆਂ ਕੇਵਲ ਦੂਜਾ, ਚੌਥਾ ਆਦਿ ਸਿਮੈਸਟਰਾਂ ਲਈ (ਕੇਵਲ ਰੀ-ਅਪੀਅਰ )(ਥਿਊਰੀ )ਦੀਆਂ ਡੇਟ-ਸ਼ੀਟਾਂ ਯੂਨੀਵਰਸਿਟੀ ਦੀ ਵੈਬਸਾਈਟ www.gndu.ac.in ਤੇ ਅਪਲੋਡ ਕਰ ਦਿੱਤੀਆਂ ਗਈਆਂ ਹਨ / ਕੀਤੀਆਂ ਜਾ ਰਹੀਆਂ ਹਨ। **ਇਸ ਸੰਬੰਧੀ ਰੀ-ਅਪੀਅਰ ਲਈ ਅਪੀਅਰ ਹੋਣ ਵਾਲੇ ਪ੍ਰੀਖਿਆਰਥੀਆਂ ਨੂੰ ਸਮੇਂ ਸਿਰ ਸੂਚਿਤ ਕਰ ਦਿੱਤਾ ਜਾਵੇ।**

ਡੇਟ ਸ਼ੀਟਾਂ ਯੂਨੀਵਰਸਿਟੀ ਦੀ ਵੈਬਸਾਈਟ **www.gndu.ac.in –Examination-datesheet - Semester UG / Semester PG / Semester (UG) Diplomas / Semester (PG) Diplomas/Ann.UG** ਤੋਂ **Download** ਕੀਤੀਆਂ ਜਾ ਸਕਦੀਆਂ ਹਨ।

ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਸਿਮੈਸਟਰ-ਦੂਜਾ, ਚੌਥਾ ਦੇ ਲੇਟ ਕਾਲਜ ਪ੍ਰੀਖਿਆਰਥੀ ਆਪਣੇ ਕਾਲਜ ਨਾਲ ਸੰਪਰਕ ਕਰਨਗੇ ਜਦੋਂਕਿ ਪ੍ਰਾਈਵੇਟ ਤੌਰ ਤੇ ਰੀ-ਅਪੀਅਰ ਵਿਚ ਅਪੀਅਰ ਹੋਣ ਵਾਲੇ ਪ੍ਰੀਖਿਆਰਥੀ ਆਪਣੀ ਰੋਲ ਨੰਬਰ ਸਲਿੱਪ ਤੇ ਦਰਸਾਏ ਗਏ ਪ੍ਰੀਖਿਆ ਕੇਂਦਰ ਵਾਲੇ ਕਾਲਜ ਨਾਲ ਸੰਪਰਕ ਕਰਨਗੇ ਜਿਥੇ ਕਿ ਉਹ ਆਪਣੀ ਸਹੀ ਈਮੇਲ ਆਈ.ਡੀ. ਅਤੇ ਮੋਬਾਇਲ ਨੰਬਰ ਰਜਿਸਟਰਡ ਕਰਵਾਉਣਗੇ।

ਸਹਿਯੋਗ ਲਈ ਧੰਨਵਾਦੀ ਹੋਵਾਂਗੇ, ਜੀ।

ਹਿਤੂ,

(ਐਚ.ਐਸ.ਭਿੰਡਰ)
ਉਪ ਰਜਿਸਟਰਾਰ (ਕਾਰਜ ਸੰਚਾਲਨ)

COMMEMORATING GOLDEN JUBILEE 2019 Guru Nanak Dev University AMRITSAR

Scanned with CamScanner